# ਦਫਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ੀਲ, ਸੈਕਟਰ 34 - ਏ, ਚੰਡੀਗੜ।**

ਵੱਲ

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.),
ਪੰਜਾਬ
ਮੀਮੋ ਨੰ: 2008/ਸਸਅ/ਕੋਆਰਡੀਨੇਸ਼ਨ/76444
ਮਿਤੀ: ਚੰਡੀਗੜ੍ਹ 19.11.2009

**ਵਿਸ਼ਾ: ਮਹੀਨਾਵਾਰ ਨਿਰੀਖਣ ਰਿਪੋਰਟਾਂ ਸਬੰਧੀ ਜਰੂਰੀ ਹਦਾਇਤਾਂ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ

2.0 ਜਿਲ੍ਹਾ ਅਤੇ ਮੰਡਲ ਪੱਧਰ ਦੀਆਂ ਟੀਮਾਂ ਵੱਲੋਂ ਨਿਰੀਖਣ ਕਰਨ ਤੋਂ ਬਾਅਦ ਨਿਰੀਖਣ ਰਿਪੋਰਟਾਂ ਨੂੰ ਸਹੀ ਢੰਗ ਨਾਲ ਸੰਗਠਿਤ ਕਰਕੇ ਨਹੀਂ ਭੇਜਿਆ ਜਾਂਦਾ ਅਤੇ ਨਾ ਹੀ ਪ੍ਰਫਾਰਮੇ ਤੇ ਭਰਿਆ ਜਾਂਦਾ ਹੈ। ਇਸ ਸਬੰਧੀ ਮਹੀਨਾਵਾਰ ਮੀਟਿੰਗਾਂ ਵਿੱਚ ਵੀ ਵਾਰ ਵਾਰ ਕਹਿਣ ਦੇ ਬਾਵਜੂਦ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ, ਜਦਕਿ ਨਿਰੀਖਣ ਰਿਪੋਰਟਾਂ ਨੂੰ ਸੰਗਠਿਤ ਕਰਕੇ ਮਹੀਨੇ ਦੀ 5 ਜਾਂ 10 ਤਾਰੀਕ ਤੱਕ ਭੇਜਣ ਲਈ, ਪਹਿਲਾਂ ਹੀ ਨਿਰਦੇਸ਼ ਦਿੱਤੇ ਗਏ ਹਨ । ਇਸ ਸਬੰਧੀ ਲਿਖਿਆ ਜਾਂਦਾ ਹੈ ਕਿ ਨਿਰੀਖਣ ਰਿਪੋਰਟਾਂ ਨੂੰ ਮਹੀਨੇ ਦੌਰਾਨ ਅਲੱਗ-ਅਲੱਗ ਭੇਜਣ ਦੀ ਬਜਾਏ ਨਿਰਧਾਰਤ ਮਿਤੀ ਨੂੰ ਇੱਕਠੀਆਂ ਹੀ ਪ੍ਰਫਾਰਮੇ ਤੇ ਭਰਕੇ ਭੇਜੀਆਂ ਜਾਣ।

3.0 ਉਪਰੋਕਤ ਤੋਂ ਇਲਾਵਾ ਇਸ ਦਫਤਰ ਵੱਲੋਂ ਕਾਰਵਾਈ ਲਈ ਭੇਜੇ ਪੱਤਰਾਂ ਸਬੰਧੀ ਸਪਸ਼ਟੀਕਰਨ ਸਕੂਲ ਮੁੱਖੀਆਂ ਵੱਲੋਂ ਸਿੱਧੇ ਇਸ ਦਫਤਰ ਨੂੰ ਭੇਜੇ ਜਾਂਦੇ ਹਨ ਜਦਕਿ ਉਨ੍ਹਾਂ ਸਪਸ਼ਟੀਕਰਨਾਂ ਤੇ ਜਿਲ੍ਹਾ ਸਿੱਖਿਆ ਅਫਸਰ ਦੀ ਟਿੱਪਣੀ ਅਤੇ ਦਫਤਰ ਦਾ ਪੱਤਰ ਨੰ. ਜਰੂਰ ਇੰਦਰਾਜ ਹੋਣਾ ਚਾਹੀਦਾ ਹੈ ।

4.0 ਇਸ ਦਫਤਰ ਵੱਲੋਂ ਭੇਜੇ ਪੱਤਰਾਂ ਦੇ ਸਬੰਧ ਵਿੱਚ ਕਾਰਵਾਈ ਪੂਰਨ ਹੋਣ ਉਪਰੰਤ ਹੀ ਪੱਤਰ ਇਸ ਦਫਤਰ ਨੂੰ ਭੇਜੇ ਜਾਣ ਨਾਕਿ ਕੀਤੀ ਜਾ ਰਹੀ ਕਾਰਵਾਈ ਸਬੰਧੀ ਉਤਾਰੇ ਇਸ ਦਫਤਰ ਨੂੰ ਭੇਜੇ ਜਾਣ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ।